ਆਈ.ਸੀ.ਏ.ਆਰ: ਭਾਰਤੀ ਖੇਤੀਬਾੜੀ ਖੋਜ ਸੰਸਥਾ ਨਰਮੇ-ਕਪਾਹ ਦੀ ਫ਼ਸਲ ਲਈ (9 ਤੋਂ 14 ਜੁਲਾਈ, 2019) ਹਫ਼ਤੇ ਲਈ ਸਿਫ਼ਾਰਿਸ਼ਾਂ ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫ਼ਾਰਿਸ਼ਾਂ ਅਨੁਸਾਰ ਹਨ:

| | ਮੀਂਹ ਪਿਆ | | | | | ਪੈਣ ਦੀ ਸੰਭਾਵਨਾ | | | | | | ਸਲਾਹ |
|---|---|---|---|---|---|---|---|---|---|---|---|---|
| | ਜੁਲਾਈ | | | | | | ਜੁਲਾਈ | | | | | |
| ਮਿਤੀ | 04 | 05 | 06 | 07 | 08 | 09 | 10 | 11 | 12 | 13 | 14 | |
| **ਪੰਜਾਬ** | | | | | | | | | | | | |
| ਫਿਰੋਜ਼ਪੁਰ | | | | | | 0 | 0 | 0 | 0 | 0 | 7 | |
| ਫਰੀਦਕੋਟ | 0 | 0 | 0 | | | 0 | 0 | 0 | 0 | 0 | 3 | |
| ਮੁਕਤਸਰ | | | | | | 0 | 0 | 0 | 0 | 0 | 0 | |
| ਬਠਿੰਡਾ | 0 | 0 | 0 | 23 | 0 | 0 | 0 | 0 | 0 | 0 | 0 | |
| ਸੰਗਰੂਰ | | | | | | 6 | 0 | 0 | 0 | 0 | 5 | |
| ਲੁਧਿਆਣਾ | | 0 | 0 | 0 | 0 | 4 | 0 | 0 | 0 | 14 | 5 | |
| **ਹਰਿਆਣਾ** | | | | | | | | | | | | |
| ਹਿਸਾਰ | 0 | 0 | | | | 0 | 0 | 0 | 0 | 0 | 0 | |

ਫਰੀਦਕੋਟ ਵਿਖੇ ਫ਼ਸਲ ਲੱਗਭੱਗ 57 ਦਿਨਾਂ ਦੀ ਹੋ ਚੁੱਕੀ ਹੈ। ਫ਼ਸਲ ਨੂੰ ਪਾਣੀ ਲਾ ਦਿੱਤਾ ਗਿਆ ਹੈ, ਗੋਡੀ ਕਰ ਦਿੱਤੀ ਗਈ ਹੈ ਅਤੇ ਨਾਈਟ੍ਰੋਜਨ ਖਾਦ ਪਾ ਦਿੱਤੀ ਗਈ ਹੈ। ਜੂੰ ਦੀ ਦਰ ਆਰਥਿਕ ਕਗਾਰ ਤੱਕ ਪਹੁੰਚ ਚੁੱਕੀ ਹੈ। ਇਸ ਸਮੇਂ ਕਿਸੇ ਵੀ ਕੀਟਨਾਸ਼ਕ ਦੇ ਛਿੜਕਾਅ ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ ਅਤੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲੋੜ ਅਨੁਸਾਰ ਆਪਣੇ ਖੇਤਾਂ ਨੂੰ ਪਾਣੀ ਲਗਾ ਦੇਣ। ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਹੈ। ਕਿਸੇ ਵੀ ਬਿਮਾਰੀ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ ਹੈ।

ਬਠਿੰਡਾ ਵਿਖੇ ਫ਼ਸਲ 40 ਤੋਂ 55 ਦਿਨਾਂ ਦੀ ਹੋ ਚੁੱਕੀ ਹੈ। ਫ਼ਸਲ ਦੀ ਗੋਡਾਈ ਅਤੇ ਪਾਣੀ ਲਾ ਦਿੱਤਾ ਗਿਆ ਹੈ। ਖਾਦਾਂ ਦੀ ਕਿਸ਼ਤ ਪਾਉਣ ਦਾ ਕੰਮ ਚੱਲ ਰਿਹਾ ਹੈ। ਚਿੱਟੀ ਮੱਖੀ ਦੀ ਸੰਖਿਆ 0-8 ਪ੍ਰਤੀ ਤਿੰਨ ਪੱਤੇ, ਹਰੇ ਤੇਲੇ ਦੀ ਸੰਖਿਆ 0-4 ਪ੍ਰਤੀ ਤਿੰਨ ਪੱਤੇ ਅਤੇ ਜੂੰ ਦੀ ਸੰਖਿਆ 0-10 ਪ੍ਰਤੀ ਤਿੰਨ ਪੱਤੇ ਪਾਈ ਗਈ ਹੈ। ਮੁੱਖ ਤੌਰ ਤੇ ਫ਼ਸਲ ਦੀ ਹਾਲਤ ਠੀਕ ਹੈ।

ਸਲਾਹ: ਜੇਕਰ ਰਸ ਚੂਸਣ ਵਾਲੇ ਕੀੜਿਆ ਦਾ ਪੱਧਰ ਆਰਥਿਕ ਕਗਾਰ ਤੋਂ ਵੱਧ ਜਾਂਦਾ ਹੈ ਤਾਂ ਨਿੰਮ ਤੇ ਅਧਾਰਿਤ ਕੀਟਨਾਸਕ 5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦਾ ਛਿੜਕਾਅ ਕਰਨਾ ਚਾਹੀਦਾ ਹੈ। ਵੱਧ ਰਹੀ ਨਮੀ ਦੇ ਚੱਲਦਿਆਂ ਕਿਸਾਨ ਵੀਰਾਂ ਨੂੰ ਕੀੜੇ ਮਕੌੜਿਆਂ ਪ੍ਰਤੀ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ। ਸੁਚੱਜੇ ਤਰੀਕੇ ਨਾਲ ਫ਼ਸਲ ਦੀ ਗੋਡੀ, ਪਾਣੀ ਅਤੇ ਖਾਦਾਂ ਦੀ ਵਰਤੋਂ ਕਰਨ ਦੀ ਲੋੜ ਹੈ।ਚਿੱਟੀ ਮੱਖੀ ਅਤੇ ਤੇਲੇ ਦੀ ਸ਼ੁਰੂਆਤੀ ਆਮਦ ਨੂੰ ਦੇਖਣ ਲਈ ਪੀਲੇ ਕਾਰਡ ਲਗਾਓ। ਗਰਮ ਅਤੇ ਸਿੱਲੇ ਮੌਸਮ ਦੇ ਚੱਲਦਿਆਂ ਤੇਲੇ ਦਾ ਹਮਲਾ ਹੋਣ ਦੀ ਸੰਭਾਵਨਾ ਹੈ। ਇਸ ਕਰਕੇ ਕਿਸਾਨਾਂ ਨੂੰ ਲਗਾਤਾਰ ਆਪਣੇ ਖੇਤਾਂ ਦਾ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਹਿਸਾਰ ਵਿਖੇ ਫ਼ਸਲ ਲੱਗਭੱਗ 64-84 ਦਿਨਾਂ ਦੀ ਹੋ ਚੁੱਕੀ ਹੈ ਅਤੇ ਫੁੱਲ ਪੈਣੇ ਸ਼ੁਰੂ ਹੋ ਚੁੱਕੇ ਹਨ। ਖਾਦ ਦੀ ਦੂਜੀ ਕਿਸ਼ਤ ਪਾਈ ਜਾ ਰਹੀ ਹੈ। ਸਰਵੇਖਣ ਦੌਰਾਨ ਖੇਤਾਂ ਵਿੱਚ

| | | | | | | | | | | | | |
|---|---|---|---|---|---|---|---|---|---|---|---|---|
| ਜੀਂਦ | | | | | | 9 | 3 | 5 | 0 | 0 | 0 | ਚਿੱਟੀ ਮੱਖੀ ਦੇ ਬਾਲਗਾਂ ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਪਾਈ ਗਈ ਹੈ। ਤੇਲੇ ਦੀ ਗਿਣਤੀ ਵੀ ਆਰਥਿਕ ਕਗਾਰ ਤੋਂ ਥੱਲੇ ਹੈ। ਖੇਤਾਂ ਵਿੱਚ ਜੂੰ ਦੀ ਔਸਤਨ ਗਿਣਤੀ 1.3-3.9 ਪ੍ਰਤੀ ਪੱਤਾ ਹੈ। ਕੁਝ ਬੂਟਿਆਂ ਤੇ ਮਿਲੀਬੱਗ ਦਾ ਹਮਲਾ ਵੀ ਦੇਖਣ ਨੂੰ ਮਿਲਿਆ ਹੈ। ਕਿਸਾਨਾਂ ਦੇ ਖੇਤਾਂ ਵਿੱਚ ਵਿਲਟ, ਬੈਕਟੀਰੀਅਲ ਬਲਾਈਟ ਅਤੇ ਪੈਰਾਵਿਲਟ ਦਾ ਹਮਲਾ ਦੇਖਣ ਵਿੱਚ ਨਹੀਂ ਆਇਆ ਹੈ ਪਰ ਕੁਝ ਥਾਵਾਂ ਤੇ ਜੜ੍ਹਾਂ ਦਾ ਗਾਲਣਾ ਦੇਖਣ ਨੂੰ ਮਿਲਿਆ ਹੈ। ਕੁਝ ਖੇਤਾਂ ਵਿੱਚ ਪੱਤਾ ਮਰੋੜ ਰੋਗ ਦਾ ਹਮਲਾ ਵੀ ਦੇਖਿਆ ਗਿਆ ਹੈ। ਮੁੱਖ ਤੌਰ ਤੇ ਫ਼ਸਲ ਦੀ ਹਾਲਤ ਠੀਕ ਹੈ।<br><br>ਸਿਰਸਾ ਵਿਖੇ ਫ਼ਸਲ 60-75 ਦਿਨਾਂ ਦੀ ਹੋ ਚੁੱਕੀ ਹੈ। ਫ਼ਸਲ ਦੀ ਹਾਲਤ ਠੀਕ ਹੈ। ਜਿਲ੍ਹੇ ਵਿੱਚ ਕਿਤੇ-ਕਿਤੇ ਬਾਰਸ਼ ਹੋਈ ਹੈ। ਕਿਸਾਨਾਂ ਦੇ ਖੇਤਾਂ ਵਿੱਚ ਰਸ ਚੂਸਣ ਵਾਲੇ ਕੀੜਿਆਂ ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਹੈ। ਚਿੱਟੀ ਮੱਖੀ ਦੀ ਦਰ 5.8-9.6 ਪ੍ਰਤੀ ਤਿੰਨ ਪੱਤੇ, ਜੂੰ ਦੀ ਗਿਣਤੀ 13-29 ਪ੍ਰਤੀ ਤਿੰਨ ਪੱਤੇ ਅਤੇ ਤੇਲੇ ਦੀ ਗਿਣਤੀ 0-3 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਸਾਰੇ ਥਾਵਾਂ ਤੇ ਡਸਕੀ ਕਾਟਨ ਬਗ ਦਾ ਹਮਲਾ ਵੀ ਦੇਖਣ ਨੂੰ ਮਿਲਿਆ ਹੈ।<br><br>ਸਲਾਹ:<br><br>ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਹੌਲੀ-ਹੌਲੀ ਵਧ ਰਿਹਾ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲਗਾਤਾਰ ਫ਼ਸਲ ਦਾ ਸਰਵੇਖਣ ਕਰਨ ਅਤੇ ਚਿੱਟੀ ਮੱਖੀ ਦੀ ਸ਼ੁਰੂਆਤੀ ਆਮਦ ਨੂੰ ਦੇਖਣ ਲਈ ਪੀਲੇ ਕਾਰਡ ਲਗਾਉਣ। ਜੇਕਰ ਰਸ ਚੂਸਣ ਵਾਲੇ ਕਿਸੇ ਵੀ ਕੀੜੇ ਦੀ ਗਿਣਤੀ ਆਰਥਿਕ ਕਗਾਰ ਤੋਂ ਵੱਧਦੀ ਹੈ ਤਾਂ ਨਿੰਮ ਅਧਾਰਿਤ ਕੀਟਨਾਸਕ 5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾਵੇ।ਮਿਲੀਬੱਗ ਨਾਲ ਪ੍ਰਭਾਵਿਤ ਬੂਟਿਆਂ ਨੂੰ ਨਾ ਛੇੜਿਆ ਜਾਵੇ ਕਿਉਕਿ ਸਮਾਂ ਪਾ ਕੇ ਬੂਟਾ ਆਪਣੇ ਆਪ ਮਿਲੀਬੱਗ ਦੇ ਹਮਲੇ ਤੋਂ ਉਭਰ ਜਾਂਦਾ ਹੈ। |
| ਸਰਸਾ | | | | | | 4 | 0 | 0 | 0 | 0 | 0 | |
| ਰੋਹਤਕ | 0 | | | | | 9 | 6 | 0 | 0 | 0 | 0 | |
| **ਰਾਜਸਥਾਨ** | | | | | | | | | | | | ਸ੍ਰੀ ਗੰਗਾਨਗਰ ਵਿਖੇ ਫ਼ਸਲ 50-80 ਦਿਨਾਂ ਦੀ ਹੋ ਚੁੱਕੀ ਹੈ। ਲੋੜ ਅਨੁਸਾਰ ਫ਼ਸਲ ਦੀ ਗੋਡੀ ਅਤੇ ਪਾਣੀ ਲਗਾ ਦਿੱਤਾ ਗਿਆ ਹੈ। ਯੂਰੀਆ ਦੀ ਪਹਿਲੀ ਕਿਸ਼ਤ ਫ਼ਸਲ ਨੂੰ ਪਾ ਦਿੱਤੀ ਗਈ ਹੈ। ਨਦੀਨ ਜਿਵੇਂ ਕਿ ਇੱਟਸਿੱਟ, ਤਾਦਲਾ, ਮੋਥਾ ਫ਼ਸਲ ਵਿੱਚ ਪਾਏ ਗਏ ਹਨ। ਤੇਲੇ (4.33-11.33 ਪ੍ਰਤੀ ਤਿੰਨ ਪੱਤੇ) ਅਤੇ ਚਿੱਟੀ ਮੱਖੀ (1.33-1.67 ਪ੍ਰਤੀ ਤਿੰਨ ਪੱਤੇ) ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਹੈ। ਜੂੰ ਦੀ ਗਿਣਤੀ 14.67-16.33 ਪ੍ਰਤੀ ਤਿੰਨ ਪੱਤੇ ਹੈ। ਕਿਸਾਨਾਂ ਦੇ ਖੇਤਾਂ ਵਿੱਚ ਪੱਤਾ ਮਰੋੜ (10-15 ਪ੍ਰਤੀਸ਼ਤ) ਦਾ ਹਮਲਾ ਵੀ ਦੇਖਣ ਨੂੰ ਮਿਲਿਆ ਹੈ।<br><br>ਸਲਾਹ: |
| ਅਜਮੇਰ | 8.8 | | | | | 30 | 0 | 0 | 0 | 0 | 0 | |
| ਜੋਧਪੁਰ | 44.5 | | | | | 0 | 0 | 0 | 0 | 0 | 0 | |
| ਨਾਗੌਰ | | | | | | 138 | 0 | 0 | 0 | 0 | 0 | |
| ਪਾਲੀ | 15 | | | | | 0 | 0 | 0 | 0 | 0 | 0 | |
| ਸ੍ਰੀ ਗੰਗਾਨਗਰ | 0 | | | | | 4 | 0 | 0 | 0 | 0 | 0 | |
| | | | | | | | | | | | | |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | ਰਸ ਚੂਸਣ ਵਾਲੇ ਕੀੜਿਆਂ ਅਤੇ ਚਿਤਕਬਰੀ ਸੁੰਡੀ ਲਈ ਕਿਸਾਨਾਂ ਨੂੰ ਨਿੰਮ ਅਧਾਰਿਤ ਕੀਟਨਾਸਕ 5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜਦੋਂ ਕਿ ਰਸ ਚੂਸਣ ਵਾਲੇ ਕੀੜਿਆਂ ਦੀ ਗਿਣਤੀ ਆਰਥਿਕ ਕਗਾਰ ਤੋਂ ਉਪਰ ਪਹੁੰਚੇ ਤਾਂ ਫਲੋਨੀਕਾਮਿਡ 50 ਡਬਲਯੂ ਜੀ 0.4 ਗ੍ਰਾਮ ਜਾਂ ਥਾਇਆਮਿਥਔਕਸਮ 25 ਡਬਲਯੂ ਜੀ 2 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦਾ ਛਿੜਕਾਅ ਕਰੋ। |